# ਕਿੰਡਰਗਾਰਟਨ ਸਿੱਖਿਆ ਨੀਤੀ



**Education Bureau**
The Government of the
Hong Kong Special Administrative Region
of the People's Republic of China

In case of any discrepancy between the English version and the other language version, the English version shall prevail.

Punjabi(Indian)

## ਕਿੰਡਰਗਾਰਟਨ ਸਿੱਖਿਆ ਨੀਤੀ

- ਕਿੰਡਰਗਾਰਟਨ (KG) ਸਿੱਖਿਆ ਬੱਚਿਆਂ ਦੀ ਜੀਵਨ ਭਰ ਸਿੱਖਣ ਅਤੇ ਪੂਰੇ ਵਿਅਕਤੀਗਤ ਵਿਕਾਸ ਲਈ ਮਹੱਤਵਪੂਰਨ ਨੀਂਹ ਰੱਖਦੀ ਹੈ। ਜੀਵੰਤਤਾ ਅਤੇ ਵਿਭਿੰਨਤਾ ਦੇ ਰੂਪ ਵਿੱਚ ਮੌਜੂਦਾ KG ਸਿੱਖਿਆ ਦੀਆਂ ਸ਼ਕਤੀਆਂ ਦਾ ਲਾਭ ਉਠਾਉਂਦੇ ਹੋਏ, ਕਿੰਡਰਗਾਰਟਨ ਸਿੱਖਿਆ ਯੋਜਨਾ ("ਯੋਜਨਾ") ਨੂੰ 2017/18 ਸਕੂਲੀ ਸਾਲ ਤੋਂ ਲਾਗੂ ਕੀਤੀ ਗਈ ਹੈ।
- ਨੀਤੀ ਦੇ ਉਦੇਸ਼ ਚੰਗੀ ਗੁਣਵੱਤਾ ਅਤੇ ਉੱਚ ਕਿਫਾਇਤੀ KG ਸਿੱਖਿਆ ਪ੍ਰਦਾਨ ਕਰਨਾ ਅਤੇ ਵਿਦਿਆਰਥੀਆਂ ਨੂੰ ਉਹਨਾਂ ਦੀਆਂ ਖਾਸ ਲੋੜਾਂ ਅਨੁਸਾਰ ਵੱਖ-ਵੱਖ ਤਰੀਕਿਆਂ ਦੀਆਂ ਸੇਵਾਵਾਂ ਤੱਕ ਪਹੁੰਚ ਨੂੰ ਵਧਾਉਣਾ ਹੈ।

## ਸਰਕਾਰੀ ਪ੍ਰਬੰਧ

ਯੋਜਨਾ (ਯੋਜਨਾ-KGs) ਵਿੱਚ ਸ਼ਾਮਲ ਹੋਣ ਵਾਲੇ ਗੈਰ-ਲਾਭਕਾਰੀ (NPM) KGs ਨੂੰ ਸਿੱਧੇ ਤੌਰ 'ਤੇ ਪ੍ਰਦਾਨ ਕੀਤਾ ਜਾਂਦਾ ਹੈ:

- ਪ੍ਰਤੀ ਵਿਦਿਆਰਥੀ ਆਧਾਰ 'ਤੇ ਬੁਨਿਆਦੀ ਯੂਨਿਟ ਸਬਸਿਡੀ ਜੋ ਕਿ ਮਿਆਰੀ ਅੱਧੇ ਦਿਨ (HD) ਸੇਵਾਵਾਂ ਦੇ ਪ੍ਰਬੰਧ ਲਈ ਸਿਧਾਂਤਕ ਤੌਰ 'ਤੇ ਕਾਫੀ ਹੈ; ਪੂਰੇ ਦਿਨ (WD) KG ਸਥਾਨਾਂ ਲਈ, ਸਕੂਲ ਦੀ ਫੀਸ ਘੱਟ ਪੱਧਰ 'ਤੇ ਹੋਵੇਗੀ;
- ਹਰੇਕ WD ਸਥਾਨ ਅਤੇ ਲੰਬੇ WD ਸਥਾਨ ਲਈ ਕ੍ਰਮਵਾਰ HD ਯੂਨਿਟ ਸਬਸਿਡੀ ਦੇ 30% ਅਤੇ 60% 'ਤੇ ਵਾਧੂ ਸਬਸਿਡੀ; ਅਤੇ
- ਸਕੂਲਾਂ ਦੀਆਂ ਸਥਿਤੀਆਂ ਦੇ ਆਧਾਰ 'ਤੇ ਵਾਧੂ ਗ੍ਰਾਂਟਾਂ, ਉਦਾਹਰਨ ਲਈ, ਕਿਰਾਏ ਦੀ ਸਬਸਿਡੀ, ਸੰਸਥਾ ਦੀ ਸਾਂਭ ਸੰਭਾਲ ਲਈ ਗ੍ਰਾਂਟ, ਲਾਂਗਰੀ ਲਈ ਗ੍ਰਾਂਟ, ਗੈਰ-ਚੀਨੀ ਬੋਲਣ ਵਾਲੇ (NCS) ਵਿਦਿਆਰਥੀਆਂ ਨੂੰ ਸਹਾਇਤਾ ਲਈ ਗ੍ਰਾਂਟ, ਆਦਿ। NPM, KGs ਨੂੰ ਕੀਮਤਾਂ ਅਤੇ ਸਰਕਾਰੀ ਕਿਰਾਏ ਦੀ ਵਾਪਸੀ ਜਾਰੀ ਰਹੇਗੀ।

## ਗੁਣਵੱਤਾ ਨੂੰ ਵਧਾਉਣਾ

- ਅਧਿਆਪਕ-ਵਿਦਿਆਰਥੀ ਅਨੁਪਾਤ ਨੂੰ 1:15 (ਪ੍ਰਿੰਸੀਪਲ ਸਮੇਤ) ਤੋਂ 1:11 (ਪ੍ਰਿੰਸੀਪਲ ਦੇ ਬਗੈਰ) ਤੱਕ ਸੁਧਾਰ ਕਰਨਾ ਤਾਂ ਕਿ ਅਧਿਆਪਕਾਂ ਕੋਲ ਪਾਠ ਦੀ ਤਿਆਰੀ, ਸਕੂਲ-ਅਧਾਰਿਤ ਪਾਠਕ੍ਰਮ ਦੇ ਵਿਕਾਸ, ਪੇਸ਼ੇਵਰ ਸਹਿਯੋਗ ਅਤੇ ਵਿਕਾਸ, ਮਾਪਿਆਂ ਨਾਲ ਸੰਚਾਰ ਅਤੇ ਵੱਖ-ਵੱਖ ਲੋੜਾਂ ਵਾਲੇ ਵਿਦਿਆਰਥੀਆਂ ਦੀ ਦੇਖਭਾਲ ਲਈ ਵਧੇਰੇ ਸਮਰੱਥਾ ਹੋਵੇ;
- KGs ਨੂੰ ਕੈਰੀਅਰ ਦੀ ਪੌੜੀ ਸਥਾਪਤ ਕਰਨ ਅਤੇ ਗੁਣਵੱਤਾ ਵਾਲੇ ਅਧਿਆਪਕਾਂ ਨੂੰ ਆਕਰਸ਼ਿਤ ਕਰਨ ਅਤੇ ਬਰਕਰਾਰ ਰੱਖਣ ਲਈ ਪ੍ਰਤੀਯੋਗੀ ਮਿਹਨਤਾਨਾ ਪ੍ਰਦਾਨ ਕਰਨ ਲਈ ਉਤਸ਼ਾਹਿਤ ਕਰਨਾ;
- KG ਪ੍ਰਿੰਸੀਪਲਾਂ ਅਤੇ ਅਧਿਆਪਕਾਂ ਦੇ ਨਿਰੰਤਰ ਪੇਸ਼ੇਵਰ ਵਿਕਾਸ ਨੂੰ ਉਤਸ਼ਾਹਿਤ ਕਰਨਾ, ਉਦਾਹਰਨ ਲਈ, ਨਿਰੰਤਰ ਪੇਸ਼ੇਵਰ ਵਿਕਾਸ ਨੀਤੀ ਨੂੰ ਲਾਗੂ ਕਰਨਾ ਅਤੇ ਮੌਜੂਦਾ ਅਧਿਆਪਕ ਸਿਖਲਾਈ ਪ੍ਰੋਗਰਾਮਾਂ ਨੂੰ ਵਧਾਉਣਾ;
- ਵੱਖ-ਵੱਖ ਲੋੜਾਂ ਵਾਲੇ ਵਿਦਿਆਰਥੀਆਂ ਲਈ ਸਹਾਇਤਾ ਨੂੰ ਮਜ਼ਬੂਤ ਕਰਨਾ;
- ਗੁਣਵੱਤਾ ਜਾਂਚ ਦੇ ਢਾਂਚੇ ਨੂੰ ਵਿੱਚ ਸੋਧ ਕਰਨਾ;
- KGs ਦੇ ਸ਼ਾਸਨ ਅਤੇ ਪਾਰਦਰਸ਼ਤਾ ਨੂੰ ਵਧਾਉਣਾ;
- ਸਕੂਲ ਪਰਿਸਰ ਅਤੇ ਸੁਵਿਧਾਵਾਂ ਵਿੱਚ ਸੁਧਾਰ ਕਰਨਾ, ਲੰਬੇ ਸਮੇਂ ਲਈ KG ਪਰਿਸਰ ਦੇ ਪ੍ਰਬੰਧ ਨੂੰ ਵਧਾਉਣ ਲਈ ਉਪਾਅ ਤਿਆਰ ਕਰਨਾ, ਅਤੇ KG ਪਰਿਸਰ ਲਈ ਬਿਨੈ-ਪੱਤਰਾਂ ਦਾ ਮੁਲਾਂਕਣ ਕਰਨ ਲਈ ਇੱਕ ਸੁਚਾਰੂ ਵਿਧੀ ਨੂੰ ਅਪਣਾਉਣਾ;
- ਮਾਤਾ-ਪਿਤਾ ਦੀ ਸਿੱਖਿਆ ਨੂੰ ਵਧਾਉਣਾ ਅਤੇ KGs ਨੂੰ ਮਾਤਾ-ਪਿਤਾ-ਅਧਿਆਪਕ ਐਸੋਸੀਏਸ਼ਨਾਂ ਸਥਾਪਤ ਕਰਨ ਲਈ ਉਤਸ਼ਾਹਿਤ ਕਰਨਾ; ਅਤੇ
- ਹਾਂਗਕਾਂਗ ਵਿੱਚ KG ਸਿੱਖਿਆ 'ਤੇ ਹੋਰ ਅਧਿਐਨ ਕਰਨਾ।

## ਕਿੰਡਰਗਾਰਟਨ ਸਿੱਖਿਆ ਪਾਠਕ੍ਰਮ

KG ਸਿੱਖਿਆ ਪਾਠਕ੍ਰਮ ਦੇ ਉਦੇਸ਼ ਹੇਠ ਲਿਖੇ ਅਨੁਸਾਰ ਹਨ:

- ਨੈਤਿਕਤਾ, ਬੁੱਧੀ, ਸਰੀਰ, ਸਮਾਜਿਕ ਹੁਨਰ ਅਤੇ ਸੁਹਜ-ਸ਼ਾਸਤਰ ਦੇ ਖੇਤਰਾਂ ਵਿੱਚ ਬੱਚਿਆਂ ਦੇ ਸੰਤੁਲਿਤ ਵਿਕਾਸ ਨੂੰ ਉਤਸ਼ਾਹਿਤ ਕਰਨਾ;
- ਬੱਚਿਆਂ ਨੂੰ ਜਿਉਣ ਦੀਆਂ ਚੰਗੀਆਂ ਆਦਤਾਂ ਅਤੇ ਮਜ਼ਬੂਤ ਅਤੇ ਸਿਹਤਮੰਦ ਸਰੀਰ ਵਿਕਸਿਤ ਕਰਨ ਵਿੱਚ ਮਦਦ ਕਰਨਾ;
- ਬੱਚਿਆਂ ਵਿੱਚ ਸਿੱਖਣ ਲਈ ਦਿਲਚਸਪੀ, ਇੱਕ ਖੋਜੀ ਮਨ ਅਤੇ ਖੋਜ ਕਰਨ ਦੀ ਉਤਸੁਕਤਾ ਪੈਦਾ ਕਰਨਾ; ਅਤੇ
- ਬੱਚਿਆਂ ਵਿੱਚ ਸਕਾਰਾਤਮਕ ਕਦਰਾਂ-ਕੀਮਤਾਂ ਅਤੇ ਰਵੱਈਏ ਪੈਦਾ ਕਰਨਾ।

## ਵਿਦਿਆਰਥੀ ਵਿਭਿੰਨਤਾ ਦੀ ਦੇਖਭਾਲ

- ਲੋੜਵੰਦ ਪਰਿਵਾਰਾਂ ਦੇ ਵਿਦਿਆਰਥੀ: ਯੋਗ KG ਵਿਦਿਆਰਥੀਆਂ ਲਈ ਫ਼ੀਸ ਮੁਆਫ਼ ਕਰਨਾ ਅਤੇ ਸਕੂਲ ਨਾਲ ਸਬੰਧਤ ਖਰਚਿਆਂ[1] ਲਈ ਗ੍ਰਾਂਟ ਜਾਰੀ ਰੱਖਣਾ;
- NCS ਵਿਦਿਆਰਥੀ: ਵੱਖ-ਵੱਖ ਸਕੂਲ-ਆਧਾਰਿਤ ਸਹਾਇਤਾ ਸੇਵਾਵਾਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ ਅਤੇ NCS ਵਿਦਿਆਰਥੀਆਂ ਨੂੰ ਦਾਖਲ ਕਰਨ ਵਾਲੇ KGs ਉਹਨਾਂ ਦੀਆਂ ਸਕੂਲ ਵਿਕਾਸ ਦੀਆਂ ਲੋੜਾਂ ਦੇ ਅਨੁਸਾਰ ਸੰਬੰਧਿਤ ਸੇਵਾਵਾਂ ਲਈ ਬਿਨੈ-ਪੱਤਰ ਦੇ ਸਕਦੇ ਹਨ; ਅਧਿਆਪਕ ਸਿਖਲਾਈ ਨੂੰ ਮਜ਼ਬੂਤ ਕੀਤਾ ਜਾਵੇਗਾ; 2019/20 ਸਕੂਲੀ ਸਾਲ ਤੋਂ ਸ਼ੁਰੂ ਕਰਦੇ ਹੋਏ, NCS ਵਿਦਿਆਰਥੀਆਂ ਲਈ ਉਹਨਾਂ ਦੀ ਸਹਾਇਤਾ ਦੀ ਸਹੂਲਤ ਲਈ ਦਾਖਲ ਕੀਤੇ ਗਏ NCS ਵਿਦਿਆਰਥੀਆਂ ਦੀ ਸੰਖਿਆ ਦੇ ਅਨੁਸਾਰ ਯੋਜਨਾ-KGs ਨੂੰ 5-ਪੱਧਰੀ ਗ੍ਰਾਂਟ ਪ੍ਰਦਾਨ ਕੀਤੀ ਜਾਂਦੀ ਹੈ। ਇੱਕ NCS ਵਿਦਿਆਰਥੀ ਨੂੰ ਦਾਖਲ ਕਰਨ ਵਾਲੇ KGs ਨੂੰ ਵੀ ਗ੍ਰਾਂਟ ਮਿਲਦੀ ਹੈ; ਅਤੇ
- ਅਧਿਆਪਕ-ਵਿਦਿਆਰਥੀ ਅਨੁਪਾਤ ਨੂੰ 1:11 ਤੱਕ ਵਧਾਉਣ ਨਾਲ ਅਧਿਆਪਕਾਂ ਲਈ ਵਿਦਿਆਰਥੀਆਂ ਦੀਆਂ ਵੱਖ-ਵੱਖ ਲੋੜਾਂ ਨੂੰ ਪੂਰਾ ਕਰਨ ਲਈ ਵਧੇਰੇ ਜਗ੍ਹਾ ਬਣਾਈ ਗਈ ਹੈ। ਸਿੱਖਿਆ ਬਿਊਰੋ ਅਧਿਆਪਕਾਂ ਲਈ ਹੋਰ ਢਾਂਚਾਗਤ ਇਨ-ਸਰਵਿਸ ਸਿਖਲਾਈ ਪ੍ਰੋਗਰਾਮ ਵੀ ਪੇਸ਼ ਕਰੇਗਾ।

[1] ਗ੍ਰਾਂਟ ਦੀ ਦਰ ਵਿਆਪਕ ਸਮਾਜਿਕ ਸੁਰੱਖਿਆ ਸਹਾਇਤਾ ਦੇ ਤਹਿਤ KG ਵਿਦਿਆਰਥੀਆਂ ਲਈ ਸਕੂਲ-ਸਬੰਧਤ ਖਰਚਿਆਂ ਲਈ ਗ੍ਰਾਂਟ ਦੇ ਪੱਧਰ 'ਤੇ ਤੈਅ ਕੀਤੀ ਗਈ ਹੈ।

